## ਸਿਹਤਯਾਬੀ

ਜੇਕਰ ਤੁਹਾਨੂੰ ਫੇਫੜਿਆਂ ਜਾਂ ਗਲੇ ਦੀ ਟੀਬੀ ਦੀ ਬਿਮਾਰੀ ਹੈ ਤਾਂ ਤੁਹਾਨੂੰ ਅਲੱਗ ਰਹਿਣ ਦੀ ਲੋੜ ਪਵੇਗੀ। ਦਵਾਈ ਲੈਣ ਦੇ ਕੁਝ ਹਫ਼ਤਿਆਂ ਬਾਅਦ ਤੁਸੀਂ ਅਲੱਗ ਰਹਿਣਾ ਬੰਦ ਕਰ ਸਕਦੇ ਹੋ ਅਤੇ ਆਪਣੀਆਂ ਆਮ ਰੋਜ਼ਾਨਾ ਦੀਆਂ ਗਤੀਵਿਧੀਆਂ 'ਤੇ ਵਾਪਸ ਆ ਸਕਦੇ ਹੋ। ਜਿੰਨਾ ਚਿਰ ਤੁਸੀਂ ਹਦਾਇਤਾਂ ਅਨੁਸਾਰ ਦਵਾਈ ਲੈਂਦੇ ਹੋ, ਤੁਹਾਨੂੰ ਬਿਮਾਰੀ ਨੂੰ ਦੂਜਿਆਂ ਤੱਕ ਪਹੁੰਚਾਉਣ ਦਾ ਖ਼ਤਰਾ ਨਹੀਂ ਹੋਵੇਗਾ।

ਜੇ ਤੁਹਾਨੂੰ ਤੁਹਾਡੇ ਸਰੀਰ ਦੇ ਹੋਰ ਹਿੱਸਿਆਂ ਵਿੱਚ ਟੀਬੀ ਦੀ ਬਿਮਾਰੀ ਹੈ, ਜਾਂ ਤੁਹਾਨੂੰ ਲੇਟੈਂਟ ਟੀਬੀ ਦੀ ਲਾਗ ਹੈ, ਤਾਂ ਤੁਹਾਨੂੰ ਅਲੱਗ ਰਹਿਣ ਦੀ ਲੋੜ ਨਹੀਂ ਹੈ ਅਤੇ ਤੁਸੀਂ ਆਪਣੀਆਂ ਆਮ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖ ਸਕਦੇ ਹੋ। ਤੁਹਾਨੂੰ ਆਪਣੀ ਪਬਲਿਕ ਹੈਲਥ ਨਰਸ ਦੁਆਰਾ ਨਿਰਦੇਸ਼ ਦਿੱਤੇ ਅਨੁਸਾਰ ਆਪਣੀ ਦਵਾਈ ਲੈਣ ਦੀ ਲੋੜ ਹੈ।

## ਨਜ਼ਦੀਕੀ ਸੰਪਰਕ

ਜਿਹੜੇ ਲੋਕ ਫੇਫੜਿਆਂ ਜਾਂ ਗਲੇ ਦੀ ਟੀਬੀ ਦੀ ਬਿਮਾਰੀ ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹਨ, ਉਹਨਾਂ ਨੂੰ ਇਸ ਬਿਮਾਰੀ ਨਾਲ ਸੰਕਰਮਿਤ ਹੋਣ ਦਾ ਖ਼ਤਰਾ ਹੋ ਸਕਦਾ ਹੈ।

ਜੇਕਰ ਤੁਹਾਨੂੰ ਟੈਸਟ ਕਰਵਾਉਣ ਦੀ ਲੋੜ ਹੈ ਤਾਂ ਇੱਕ ਜਨਤਕ ਸਿਹਤ ਪੇਸ਼ੇਵਰ ਤੁਹਾਡੇ ਨਾਲ ਸੰਪਰਕ ਕਰੇਗਾ।

ਨਜ਼ਦੀਕੀ ਸੰਪਰਕਾਂ ਲਈ ਜਾਂਚ

ਜਨਤਕ ਸਿਹਤ ਪੇਸ਼ੇਵਰ ਦੁਆਰਾ ਰੈਫਰ ਕੀਤੇ ਗਏ ਲੋਕਾਂ ਲਈ ਟੀਬੀ ਟੈਸਟ ਮੁਫ਼ਤ ਹੈ।

ਟੈਸਟ ਕਿਸੇ ਦੀ ਉਮਰ 'ਤੇ ਨਿਰਭਰ ਕਰਦਾ ਹੈ:

- ਛੋਟੇ ਬੱਚਿਆਂ ਦਾ ਮੈਨਟੌਕਸ ਟੈਸਟ ਹੁੰਦਾ ਹੈ। ਇਸ ਵਿੱਚ ਇੱਕ ਛੋਟਾ ਟੀਕਾ ਲੈਣਾ ਸ਼ਾਮਲ ਹੁੰਦਾ ਹੈ, ਜਿਸਦੀ ਜਾਂਚ ਤਿੰਨ ਦਿਨਾਂ ਬਾਅਦ ਕੀਤੀ ਜਾਂਦੀ ਹੈ।
- ਵੱਡੀ ਉਮਰ ਦੇ ਬੱਚਿਆਂ ਅਤੇ ਬਾਲਗਾਂ ਦਾ ਖ਼ੂਨ ਦਾ ਟੈਸਟ ਹੁੰਦਾ ਹੈ, ਜਿਸਨੂੰ ਕਵਾਂਟੀਫੇਰੋਨ ਕਿਹਾ ਜਾਂਦਾ ਹੈ।

ਤੁਹਾਡੇ ਟੈਸਟ ਤੋਂ ਬਾਅਦ ਤੁਹਾਨੂੰ ਪਬਲਿਕ ਹੈਲਥ ਨਰਸ ਤੋਂ ਇਸ ਬਾਰੇ ਹੋਰ ਜਾਣਕਾਰੀ ਮਿਲੇਗੀ ਕਿ ਤੁਹਾਨੂੰ ਅੱਗੇ ਕੀ ਕਰਨ ਦੀ ਲੋੜ ਹੈ।

## ਹੋਰ ਜਾਣਕਾਰੀ ਲਈ

**ਤਪਦਿਕ (ਟੀ.ਬੀ.) - ARPHS:**
www.arphs.health.nz/public-health-topics/dise-and-illness/tuberculosis-tb/

**ਬੀਸੀਜੀ ਟੀਕਾਕਰਣ - ARPHS:**
www.arphs.health.nz/public-health-topics/immunisation/bcg-vaccination-information/

**ਤਪਦਿਕ (ਟੀਬੀ) - ਸਿਹਤ ਨੈਵੀਗੇਟਰ:**

www.healthnavigator.org.nz/health-a-z/t/tuberculosis

**Te Whatu Ora**
**Health New Zealand**

**AUCKLAND PUBLIC HEALTH**
**T: 09 623 4600**

Punjabi



# ਤਪਦਿਕ (TB)

**Te Whatu Ora**
**Health New Zealand**